# 2022-23 ਸਾਉਣੀ ਮੰਡੀਕਰਨ ਮੌਸਮ ਦੌਰਾਨ ਭਾਰਤ ਵਿੱਚ ਪੋਸ਼ਕ ਅਨਾਜਾਂ ਵਿੱਚੋਂ ਬਾਜਰੇ ਦੀ ਸਭ ਤੋਂ ਵੱਧ ਆਮਦਨ

ਜਿਵੇਂ ਕਿ 2023 ਨੂੰ ਅੰਤਰਰਾਸ਼ਟਰੀ ਬਾਜਰਾ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ, ਭਾਰਤ ਵੀ ਪੋਸ਼ਕ ਅਨਾਜ ਫ਼ਸਲਾਂ, ਜਿਨ੍ਹਾਂ ਵਿੱਚ ਬਾਜਰਾ, ਜਵਾਰ ਅਤੇ ਰਾਗੀ ਸ਼ਾਮਲ ਹਨ, 'ਤੇ ਧਿਆਨ ਕੇਂਦਰਤ ਕਰ ਰਿਹਾ ਹੈ ਜਿਸ ਲਈ ਸਰਕਾਰ ਘੱਟੋ ਘੱਟ ਸਮਰਥਨ ਮੁੱਲ ਪ੍ਰਦਾਨ ਕਰਦੀ ਹੈ।

2022-23 ਸਾਉਣੀ ਮੰਡੀਕਰਨ ਮੌਸਮ ਲਈ ਭਾਰਤ ਸਰਕਾਰ ਨੇ ਜਵਾਰ (ਹਾਈਬ੍ਰਿਡ) ਅਤੇ ਜਵਾਰ (ਮਾਲਦੰਡੀ) ਲਈ ਕ੍ਰਮਵਾਰ 2,970 ਰੁਪਏ ਪ੍ਰਤੀ ਕੁਇੰਟਲ ਅਤੇ 2,990 ਰੁਪਏ ਪ੍ਰਤੀ ਕੁਇੰਟਲ ਐਮ ਐਸ ਪੀ ਦਾ ਐਲਾਨ ਕੀਤਾ ਸੀ — 2021-22 ਤੋਂ ਦੋਵਾਂ ਲਈ 232 ਰੁਪਏ ਦਾ ਵਾਧਾ।

2022-23 ਸਾਉਣੀ ਮੰਡੀਕਰਨ ਮੌਸਮ ਲਈ ਬਾਜਰੇ ਦਾ ਘੱਟੋ-ਘੱਟ ਸਮਰਥਨ ਮੁੱਲ ਵੀ 100 ਰੁਪਏ ਵਧਾ ਕੇ 2,350 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਸੀ। ਰਾਗੀ ਦਾ ਸਮਰਥਨ ਮੁੱਲ ਵੀ 201 ਰੁਪਏ ਵਧਾ ਕੇ 3,578 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਸੀ।

**2022-23 ਸਾਉਣੀ ਮੰਡੀਕਰਨ ਮੌਸਮ ਦੌਰਾਨ ਪੋਸ਼ਕ ਅਨਾਜ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐੱਮ ਐੱਸ ਪੀ 2022-23 (ਰੁਪਏ/ਕੁਇੰਟਲ)** | **ਐੱਮ ਐੱਸ ਪੀ 2021-22 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਜਵਾਰ (ਹਾਇਬ੍ਰਿਡ) | 2,970 | 2738 | 232 | 8.47% |
| ਜਵਾਰ (ਮਾਲਡੰਡੀ) | 2,990 | 2758 | 232 | 8.41% |
| ਬਾਜਰਾ | 2,350 | 2250 | 100 | 4.44% |
| ਰਾਗੀ | 3,578 | 3377 | 201 | 5.95% |

ਪੋਸ਼ਕ ਅਨਾਜ ਫ਼ਸਲਾਂ ਵਿੱਚੋਂ, ਭਾਰਤ ਵਿੱਚ 2022-23 ਸਾਉਣੀ ਮੰਡੀਕਰਨ ਮੌਸਮ ਦੌਰਾਨ ਕਾਸ਼ਤ ਦੀ ਲਾਗਤ ਉੱਤੇ ਬਾਜਰੇ ਦੀ ਸਭ ਤੋਂ ਵੱਧ ਔਸਤ ਕੁੱਲ ਆਮਦਨ ਸੀ। ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਮੁਤਾਬਿਕ, 2020-21 ਨੂੰ ਖ਼ਤਮ ਹੋਏ ਤਿੰਨ-ਸਾਲਾ ਦੌਰਾਨ ਖੇਤੀ ਦੀ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ (ਏ2+ਐਫਐਲ) ਉੱਤੇ ਬਾਜਰੇ ਦੀ ਔਸਤ ਕੁੱਲ ਆਮਦਨ 10,195 ਰੁਪਏ ਪ੍ਰਤੀ ਹੈਕਟੇਅਰ ਜਾਂ 4,078 ਰੁਪਏ ਪ੍ਰਤੀ ਏਕੜ ਸੀ।

ਜਵਾਰ ਅਤੇ ਰਾਗੀ ਲਈ ਖੇਤੀ ਦੀ ਲਾਗਤ 'ਤੇ ਔਸਤ ਕੁੱਲ ਆਮਦਨ ਕ੍ਰਮਵਾਰ 9,422 ਰੁਪਏ ਪ੍ਰਤੀ ਹੈਕਟੇਅਰ (3,769 ਰੁਪਏ ਪ੍ਰਤੀ ਏਕੜ) ਅਤੇ 6,411 ਰੁਪਏ ਪ੍ਰਤੀ ਹੈਕਟੇਅਰ (2,564 ਰੁਪਏ ਪ੍ਰਤੀ ਏਕੜ) ਸੀ।

**2020-21 ਨੂੰ ਖਤਮ ਹੋਣ ਵਾਲੇ ਤਿੰਨ-ਸਾਲਾ ਦੌਰਾਨ ਸਾਉਣੀ ਦੀਆਂ ਪੋਸ਼ਕ ਅਨਾਜ ਫ਼ਸਲਾਂ ਦੀ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ ਉੱਤੇ ਕੁੱਲ-ਭਾਰਤ ਔਸਤ ਕੁੱਲ ਆਮਦਨ**

| **ਫ਼ਸਲ** | **ਅਸਲ ਅਦਾ ਕੀਤੀ ਲਾਗਤ** | **ਪੈਦਾਵਾਰ ਦਾ ਕੁੱਲ ਮੁੱਲ** | **ਅਸਲ ਅਦਾ ਕੀਤੀ ਲਾਗਤ ਉੱਤੇ ਕੁੱਲ ਆਮਦਨ** | |
|---|---|---|---|---|
| | **ਰੁਪਏ ਪ੍ਰਤੀ ਹੈਕਟੇਅਰ** | | **ਰੁਪਏ ਪ੍ਰਤੀ ਹੈਕਟੇਅਰ (ਕਾਲਮ 3-ਕਾਲਮ 2)** | **ਫ਼ੀਸਦੀ (ਕਾਲਮ 4/ਕਾਲਮ * 100)** |
| **ਕਾਲਮ 1** | **ਕਾਲਮ 2** | **ਕਾਲਮ 3** | **ਕਾਲਮ 4** | **ਕਾਲਮ 5** |
| **ਜਵਾਰ | 35,005 | 44,427 | 9,422 | 26.9 |
| ਬਾਜਰਾ | 30,516 | 40,711 | 10,195 | 33.4 |
| **ਰਾਗੀ | 51,315 | 57,726 | 6,411 | 12.5 |

***ਸਰੋਤ:*** *ਸੀ ਏ ਸੀ ਪੀ ਗਣਨਾ*

*ਕੁੱਲ ਭਾਰਤ ਅਦਾ ਕੀਤੀ ਗਈ ਲਾਗਤ, ਪੈਦਾਵਾਰ ਦਾ ਕੁੱਲ ਮੁੱਲ ਅਤੇ ਕੁਲ ਆਮਦਨ ਸਬੰਧਤ ਫ਼ਸਲ ਦੀ ਲਾਗਤ, ਪੈਦਾਵਾਰ ਦਾ ਮੁੱਲ ਅਤੇ ਕੁੱਲ ਆਮਦਨ ਦਾ ਮੱਧਮਾਨ ਔਸਤ ਹੈ*

*** 2018-19 ਅਤੇ 2019-20 ਲਈ ਮੱਧ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਜਵਾਰ ਅਤੇ ਮਹਾਰਾਸ਼ਟਰ, ਤਾਮਿਲ ਨਾਡੂ ਅਤੇ ਉੱਤਰਾਖੰਡ ਵਿੱਚ ਰਾਗੀ ਲਈ ਔਸਤ ਕੁੱਲ ਆਮਦਨ*